INTERNATIONAL RESEARCH JOURNAL OF INDIA
ISSN 2454-8707 VOLUME-II,ISSUE-III, NOV-2016

# ਬੁਲ੍ਹੇ ਸ਼ਾਹ ਦੀਆਂ ਰਚਨਾਵਾਂ ਵਿੱਚ ਇਸ਼ਕ ਦਾ ਸੰਕਲਪ

ਰਵੀ ਨਾਗਪਾਲ
ਸਹਾਇਕ ਪ੍ਰੋਫੈਸਰ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਡੀ.ਏ.ਵੀ. ਕਾਲਜ, ਬਠਿੰਡਾ



"ਇਸ਼ਕ" ਅਰਬੀ ਭਾਸ਼ਾ ਦਾ ਸ਼ਬਦ ਹੈ। ਅੰਗਰੇਜ਼ੀ ਭਾਸ਼ਾ ਵਿੱਚ ਇਸ ਦਾ ਸਮਾਨਾਂਤਰ ਸ਼ਬਦ (Love) ਹੈ। ਪੰਜਾਬ ਵਿੱਚ ਇਸਲਾਮੀ ਸਾਹਿਤ ਅਤੇ ਸੱਭਿਆਚਾਰ ਦੇ ਪ੍ਰਵੇਸ਼ ਨਾਲ ਇਸ਼ਕ ਸ਼ਬਦ ਦਾ ਪ੍ਰਚੱਲਣ ਆਰੰਭ ਹੋਇਆ। ਇਸ ਸ਼ਬਦ ਦੀ ਥਾਂ ਤੇ ਪੰਜਾਬੀ ਅਤੇ ਕੁੱਝ ਹੋਰ ਆਧੁਨਿਕ ਭਾਰਤੀ ਭਾਸ਼ਾਵਾਂ ਵਿੱਚ 'ਪ੍ਰੇਮ' ਜਾਂ 'ਪਿਆਰ' ਸ਼ਬਦਾਂ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ।

'ਇਸ਼ਕ' ਰੂਹਾਨੀਅਤ ਦੀ ਰੂਹ ਹੈ। ਸੂਫ਼ੀ-ਸਾਧਨਾ ਦਾ ਆਧਾਰ ਹੀ ਇਸ਼ਕ-ਏ-ਇਲਾਹੀ ਤਥਾ ਇਸ਼ਕ-ਏ-ਰੱਬੀ ਹੈ। ਦੂਜੇ ਸ਼ਬਦਾਂ ਵਿੱਚ ਰੱਬ ਦੇ ਆਸ਼ਕ ਨੂੰ ਸੂਫ਼ੀ ਸਾਧਕ ਕਿਹਾ ਜਾਂਦਾ ਹੈ। ਵਿਦਵਾਨਾ ਨੇ ਮੋਟੇ ਤੌਰ 'ਤੇ 'ਇਸ਼ਕ' ਨੂੰ ਦੋ ਰੂਪਾਂ ਜਾਂ ਭਾਗਾਂ ਵਿੱਚ ਵੰਡਿਆ ਹੈ "ਇਸ਼ਕ-ਮਜਾਜੀ" ਤੇ "ਇਸ਼ਕ-ਹਕੀਕੀ" ਦੁਨਿਆਵੀ ਪਿਆਰ ਨੂੰ ਜਿਸ ਵਿੱਚ ਮਨੁੱਖਾਂ ਦੇ ਵਸਤੂ ਜਗਤ ਦੇ ਪਿਆਰ ਦੀ ਗੱਲ ਕੀਤੀ ਜਾਂਦੀ ਹੈ, ਉਸਨੂੰ "ਇਸ਼ਕ-ਮਜਾਜੀ" ਦੇ ਘੇਰੇ ਵਿੱਚ ਰੱਖਦੇ ਹਨ। ਰੂਹਾਨੀ ਪਿਆਰ, ਜਿਸ ਦਾ ਸਬੰਧ ਅਧਿਆਤਮਕ ਜਗਤ ਨਾਲ ਹੁੰਦਾ ਹੈ, ਉਸ ਲਈ ਉਹ "ਇਸ਼ਕ-ਹਕੀਕੀ" ਦੀ ਸੰਗਿਆ ਵਰਤਦੇ ਹਨ। ਸੂਫ਼ੀ ਮਤ ਦਾ ਮੂਲ ਮਨੋਰਥ ਹੀ ਇਸ਼ਕ ਤਥਾ ਪ੍ਰੇਮ ਦੁਆਰਾ ਆਪਣੇ ਮਹਿਬੂਬ ਰੱਬ ਵਿੱਚ ਅਭੇਦ ਹੋ ਕੇ ਸਦੀਵੀ ਜੀਵਨ ਹਾਸਲ ਕਰਨਾ ਹੈ। ਸੂਫ਼ੀ ਫ਼ਕੀਰ ਦਾ ਰੱਬ ਕੋਈ 'ਮਿਥ' ਨਹੀਂ, ਸਗੋਂ ਇੱਕ 'ਤੱਥ' ਅਖਵਾ ਇੱਕ 'ਹਕੀਕਤ' ਹੈ। ਸੂਫ਼ੀ ਮੱਤ ਅਨੁਸਾਰ ਅਜਿਹੇ ਸੁੰਦਰ ਸਰੂਪ ਨੂੰ ਸਿਧਾਂਤਿਕ ਫ਼ਲਸਫ਼ੇ ਅਥਵਾ ਫੋਕੇ ਬੌਧਿਕ ਗਿਆਨ ਦੁਆਰਾ ਨਹੀਂ ਪਾਇਆ ਜਾਂ ਰੀਝਾਇਆ ਜਾ ਸਕਦਾ। ਉਹ ਤਾਂ ਪ੍ਰੇਮ ਬੰਧਨ ਵਿੱਚ ਬੰਨ੍ਹੀ ਜਾਣ ਵਾਲੀ ਕੋਈ ਜਲਾਲੋ-ਜਮਾਲ ਵਾਲੀ ਹਸੀਨ ਹਸਤੀ ਹੈ ਜਿਸ ਨੂੰ ਸੂਫ਼ੀ ਫ਼ਕੀਰਾਂ ਨੇ ਆਪਣੀ ਰਹੱਸਾਤਮਿਕ ਭਾਸ਼ਾ ਵਿੱਚ 'ਇਸ਼ਕ ਅੱਲ੍ਹਾ ਦੀ ਜਾਤਿ' ਆਖਿਆ ਹੈ। ਉਹਨਾਂ ਦਾ ਅਟੱਲ ਵਿਸ਼ਵਾਸ਼ ਹੈ ਕਿ 'ਪਰਮਾਤਮਾ ਪ੍ਰੇਮ ਅਤੇ ਪ੍ਰੇਮ ਪਰਮਾਤਮਾ' ਹੈ।

ਟਜਿਹੀ ਪ੍ਰੇਮ-ਕ੍ਰੀੜਾ ਅਥਵਾ ਇਸ਼ਕ ਦੀ ਚਿਗਾੜੀ ਤਾਂ ਭਾਵੇਂ ਹਰ ਹਿਰਦੇ ਵਿੱਚ ਮੌਜੂਦ ਹੁੰਦੀ ਹੈ ਪਰ ਇਸ ਆਤਿਸ਼ (ਅਗਨੀ) ਦੇ ਸ਼ੁਅਲੇ (ਭਾਂਬੜ) ਮੱਚਦੇ ਕਿਸੇ ਵਿਰਲੇ ਦੇ ਅੰਦਰ ਹੀ ਹਨ। ਗਾਲਿਬ ਦਾ ਕਥਨ ਇੱਥੇ ਬੜ੍ਹਾ ਢੁੱਕਵਾਂ ਪ੍ਰਤੀਤ ਹੁੰਦਾ ਹੈ, ਜਦੋਂ ਉਹ ਕਹਿੰਦਾ ਹੈ:-

"ਇਸ਼ਕ ਪਰ ਜ਼ੋਰ ਨਹੀਂ ਯੇਹ ਵੋਹ ਆਤਿਸ਼ ਹੈ ਗਾਲਿਬ,
ਜੋ ਲਗਾਏ ਨਾ ਲਗੇ ਔਰ ਬੁਝਾਏ ਨਾ ਬਨੇ।"3

ਸਪੱਸ਼ਟ ਹੈ ਕਿ ਇਸ਼ਕ ਕਿਤੇ ਦੁਕਾਨਾਂ ਵਿੱਚ ਮੁੱਲ ਨਹੀਂ ਵਿਕਦਾ, ਨਾ ਹੀ ਇਹ ਕਿਤੇ ਖੇਤਾਂ ਵਿੱਚ ਉੱਗਦਾ ਹੈ। ਇਸ ਦੇ ਉੱਗਣ, ਫੁੱਲਣ ਤੇ ਮਹਿਕਣ ਦਾ ਸਥਾਨ ਕੋਈ ਮਖ਼ਸੂਸ ਹਿਰਦਾ ਸਥਲ ਹੈ। ਮਨੁੱਖ ਆਪਣੇ ਪੀਰ ਜਾਂ ਮੁਰਸ਼ਦ ਦੁਆਰਾ ਹੀ ਰੱਬ ਨੂੰ ਮਿਲ ਸਕਦਾ ਹੈ ਤੇ ਰੱਬ ਵੀ ਮੁਰਸ਼ਿਦ ਰਾਹੀਂ ਦੁਨੀਆਂ ਵਿੱਚ ਪ੍ਰਗਟ ਹੁੰਦਾ ਹੈ।

ਬੁੱਲ੍ਹੇ ਸ਼ਾਹ ਦੀ ਰਚਨਾ ਵਿੱਚ ਇਸ਼ਕ ਦਾ ਜਜ਼ਬਾ ਵਧੇਰੇ ਪ੍ਰਬਲ ਹੋਇਆ ਹੈ। ਉਹਨਾਂ ਦਾ ਇਸ਼ਕ ਆਪਣੇ ਮੁਰਸ਼ਦ ਪ੍ਰਤੀ ਜੋ ਖਿੱਚ ਜਾਂ ਸ਼ਿੱਦਤ ਦਾ ਭਾਵ ਸੀ, ਉਸ ਤੋਂ ਉੱਪਜਿਆ। ਇਸ਼ਕ ਦੇ ਰਾਹ ਦੀ ਸਿੱਖਿਆ ਬੁੱਲ੍ਹੇ ਸ਼ਾਹ ਨੇ ਆਪਦੇ ਮੁਰਸ਼ਦ ਪਾਸੋਂ ਹੀ ਪ੍ਰਾਪਤ ਕੀਤੀ। ਬੁਲ੍ਹੇ ਸ਼ਾਹ ਅਧਿਆਤਮਵਾਦ ਦੀ ਬਿਰਤੀ ਦਾ ਧਾਰਨੀ ਸੀ।

ਡਾ: ਧਰਮਪਾਲ ਸਿੰਗਲ ਅਨੁਾਰ:-

"ਬੁੱਲ੍ਹੇ ਸ਼ਾਹ ਸੂਫ਼ੀ ਫ਼ਕੀਰ ਹੁੰਦਾ ਹੋਇਆ ਵੀ ਭਾਰਤੀ ਅਧਿਆਤਮਵਾਦੀ ਲੀਹਾਂ ਦੇ ਵਧੇਰੇ ਨੇੜੇ ਹੈ ਅਤੇ ਉਸ ਦੇ ਅਧਿਆਤਮਵਾਦੀ ਵਿਚਾਰ ਭਾਰਤ ਦੀ ਮਿੱਟੀ ਵਿੱਚੋਂ ਹੀ ਜਨਮੇ ਹਨ, ਫ਼ਾਰਸ 'ਚੋਂ ਨਹੀਂ।"

ਸੁਲਤਾਨ ਬਾਹੂ ਦੇ ਚੰਬੇ ਦੀ ਬੂਟੀ ਵਾਂਗ ਹੀ 'ਚੰਬੇ ਦੀ ਬੂਟੀ' ਇੱਕ ਕਾਮਲ ਮੁਰਸ਼ਦ ਅਨਾਇਤ ਸ਼ਾਹ ਨੇ ਹਜ਼ਰਤ ਬੁੱਲ੍ਹੇ ਸ਼ਾਹ ਦੇ ਮਨ ਵਿੱਚ ਲਗਾ ਦਿੱਤੀ। ਬੁੱਲ੍ਹੇ ਸ਼ਾਹੀ 'ਸ਼ਾਹੀਅਤ', 'ਤਰੀਕਤ' ਤੇ 'ਮਾਰਫ਼ਤ' ਦੇ ਮੁਕਾਮਾਤ ਲੰਘ ਕੇ 'ਹਕੀਕਤ' ਅਥਵਾ ਮੁਕਾਮ-ਏ-ਹੱਕ ਉੱਤੇ ਆ ਖਲੋਤਾ ਹੈ ਅਤੇ ਕੂਕ ਕੂਕ ਕੇ ਆਖਦਾ ਹੈ:-

"ਹਾਜੀ ਲੋਕ ਮੱਕੇ ਨੂੰ ਜਾਂਦੇ ਅਸਾਂ ਜਾਣਾਂ ਤਖ਼ਤ-ਹਜ਼ਾਰੇ,
ਜਿਤ ਵਲ ਯਾਰ ਉਤੇ ਵਲ ਕਾਅਬਾਂ ਭਾਵੇਂ ਫੋਲ ਕਿਤਾਬਾਂ ਚਾਰੇ।"5

ਬੁੱਲ੍ਹੇ ਸ਼ਾਹ ਦੇ ਕਲਾਮ ਵਿੱਚ ਇਸ਼ਕ ਮਜਾਜੀ ਨੂੰ ਇਸ਼ਕ ਹਕੀਕੀ ਦੀ ਇੱਕ ਪਉੜੀ ਵਜੋਂ ਪ੍ਰਵਾਨ ਕੀਤਾ ਗਿਆ ਹੈ। ਬੁੱਲ੍ਹੇ ਸ਼ਾਹ ਦੇ ਕਲਾਮ ਵਿੱਚ ਉਹ ਕਾਵਿ ਵਿਕਾਸ ਦੇ ਪਹਿਲੇ ਪੜਾਅ ਵਿੱਚ ਆਪਣੇ ਪੀਰ ਇਨਾਇਤ ਸ਼ਾਹ ਨੂੰ ਮਿਲਦਾ ਹੈ। ਉਸ ਦਾ ਮੁਰੀਦ ਬਣ ਕੇ ਸੂਫ਼ੀ ਮਤ ਵਿੱਚ ਪ੍ਰਵੇਸ਼ ਕਰਦਾ ਹੈ। ਸੱਚੇ ਰੱਬ ਨਾਲ ਇਸ਼ਕ ਸੂਫ਼ੀ ਰਹੱਸਵਾਦ ਦਾ ਧੁਰਾ ਹੈ। ਬੁੱਲ੍ਹੇ ਸ਼ਾਹ ਦੇ ਕਲਾਮ ਵਿੱਚ ਮੁਰਸ਼ਦ ਦੇ ਮਹੱਤਵ ਨੂੰ ਉਘਾੜਿਆ ਗਿਆ ਹੈ। ਇਸ਼ਕ ਦੇ ਰਾਹ ਦੀ ਸਿੱਖਿਆ ਮੁਰਸ਼ਦ ਪਾਸੋਂ ਹੀ ਪ੍ਰਾਪਤ ਹੋ ਸਕਦੀ ਹੈ। ਉਸ ਦੀ ਮੱਦਦ ਤੋਂ ਬਿਨ੍ਹਾਂ ਇਸ ਰਾਹ ਦੇ ਪੰਧ ਨੂੰ ਕੱਟਣਾ ਮੁਸ਼ਕਿਲ ਹੈ। ਮੁਰਸ਼ਦ ਦੀ ਗੈਰਹਾਜ਼ਰੀ ਵਿੱਚ ਇਸ ਰਾਹ 'ਤੇ ਬੁੱਲ੍ਹੇ ਦੀ ਮਾਨਸਿਕ ਦਸ਼ਾ ਦਾ ਨਿਮਨ-ਲਿਖਤ ਸਤਰਾਂ ਤੋਂ ਭਲੀਭਾਂਤ ਪਤਾ ਲੱਗ ਜਾਂਦਾ ਹੈ:-

"ਬਹੁੜੀ ਵੇ ਤਬੀਬਾ ਮੈਂਡੀ ਜਿੰਦ ਗਈਆਂ।
ਤੇਰੇ ਇਸ਼ਕ ਨਚਾਇਆ ਕਰ ਥਈਆਂ ਥਈਆਂ।"

ਬੁੱਲ੍ਹੇ ਦਾ ਇਸ਼ਕ, ਸ਼ਰੀਅਤ ਨੂ ਬੜੀ ਵੱਡੀ ਵੰਗਾਰ ਤਥਾ ਚੁਣੌਤੀ ਦੇ ਰਿਹਾ ਹੈ। ਉਸ ਦੇ ਬਿਆਨ ਢੰਗ ਵਿੱਚ ਸ਼ਰੀਅਤ ਦੇ ਵਿਰੁੱਧ ਇੱਕ ਪ੍ਰਕਾਰ ਦੀ ਵੰਗਾਰ ਤੇ ਲਲਕਾਰ ਹੈ। ਬੁੱਲ੍ਹੇ ਸ਼ਾਹ ਸ਼ਰੀਅਤ ਨਾਲੋਂ ਇਸ਼ਕ ਨੂੰ ਤਰਜ਼ੀਹ ਦਿੰਦਾ ਹੋਇਆ ਕਹਿੰਦਾ ਹੈ:-

"ਮੈ ਕਿਉਂਕਰ ਜਾਵਾਂ ਕਾਅਬੇ ਨੂੰ, ਦਿਲ ਲੋਚੇ ਤਖ਼ਤ ਹਜ਼ਾਰੇ ਨੂੰ।
ਲੋਕੀਂ ਸੱਜਦਾ ਕਾਅਬੇ ਨੂੰ ਕਰਦੇ, ਸਾਡਾ ਸਜਦਾ ਯਾਰ ਪਿਆਰੇ ਨੂੰ।"

ਇਸੇ ਪ੍ਰਕਾਰ ਬੁੱਲ੍ਹੇ ਸ਼ਾਹ ਦਾ ਇਸ਼ਕ ਸਰ੍ਹਾਂ ਤੋਂ ਮੁਕਤ ਹੈ। ਇਹ ਗੱਲ ਵੀ ਸਪੱਸ਼ਟ ਕਰ ਦੇਣੀ ਜ਼ਰੂਰੀ ਹੈ ਕਿ ਬੁੱਲ੍ਹੇ ਸ਼ਾਹ 'ਸ਼ਰੀਅਤ' ਦੀ ਅਹਿਤੀਅਤ ਤੋਂ ਇਨਕਾਰ ਨਹੀਂ ਕਰਦਾ, ਸਗੋਂ ਬੁੱਲ੍ਹੇ ਸ਼ਾਹ ਅਨੁਸਾਰ 'ਸ਼ਰੀਅਤੇ ਸਾਡੀ ਦਾਈ ਹੈ"। ਬੁੱਲ੍ਹੇ ਸ਼ਾਹ ਲੋਕਾਂ ਦੀ ਅਗਿਆਨਤਾ ਦੀ ਖਿੱਲੀ ਉਡਾਉਂਦਾ ਹੈ ਜਿਹੜੇ 'ਸ਼ਰੀਅਤ' ਭਾਵ 'ਦਾਈ' ਨੂੰ ਹੀ ਆਪਣੀ 'ਮਾਂ' ਸਮਝ ਲੈਂਦੇ ਹਨ ਅਤੇ 'ਮਾਂ' ਤੋਂ ਸਦਾ ਬੇਮੁੱਖ ਹੋਏ ਰਹਿੰਦੇ ਹਨ।

ਬੁੱਲ੍ਹੇ ਸ਼ਾਹ ਦੇ ਕਲਾਮ ਵਿੱਚ ਇਲਮ ਤੇ ਅਕਲ ਦੀ ਬੜ੍ਹੀ ਨਿਖੇਧੀ ਕੀਤੀ ਗਈ ਹੈ। ਬੱਲ੍ਹੇ ਸ਼ਾਹ ਹਾਲਾਂਕਿ ਖ਼ੁਦ ਵੀ ਅਰਬੀ-ਫ਼ਾਰਸੀ ਦਾ ਆਲਿਮ-ਫਾਜ਼ਿਲ ਸੀ ਅਤੇ 'ਕੁਰਾਨ' ਦਾ ਬੜਾ ਉਪਾਸਕ ਸੀ, ਪ੍ਰੰਤੂ ਬੁੱਲ੍ਹਾ ਇਲਮ ਨੂੰ ਕੇਵਲ ਪ੍ਰਾਪਤੀ ਦਾ ਇੱਕ ਸਾਧਨ ਤਥਾ ਮਾਧਿਅਮ ਸਮਝਦਾ ਹੈ, ਮੰਜ਼ਿਲ ਨਹੀਂ। ਫਲਸਰੂਪ ਉਸ ਦੇ ਕਲਾਮ ਵਿੱਚ ਅਕਲ ਤੇ ਇਲਮ ਦੀ ਕੋਈ ਥਾਂ ਨਹੀਂ ਹੈ। ਬੁੱਲ੍ਹੇ ਸ਼ਾਹ ਦੇ ਇਸ਼ਕ ਦਾ ਸਰੂਪ ਇਲਮ ਤੇ ਅਕਲ ਤੋਂ ਕੋਰਾ ਹੈ। ਉਦਾਹਰਣ ਹੈ:-

"ਬੇਦ ਕੁਰਾਨਾਂ ਪੜ੍ਹ-ਪੜ੍ਹ ਥੱਕੇ, ਸੱਜਦੇ ਕਰਦਿਆਂ ਘੱਸ ਗਏ ਮੱਥੇ।
ਨਾ ਰੱਬ ਤੀਰਥ ਨਾ ਰੱਬ ਮੱਕੇ, ਜਿਸ ਪਾਇਆ ਤਿਸ ਨੂਰ ਅਨਵਾਰ।
ਇਸ਼ਕ ਦੀ ਨਵੀਓਂ ਨਵੀਂ ਬਹਾਰ।"

ਬੁੱਲ੍ਹੇ ਸ਼ਾਹ ਦਾ ਇਸ਼ਕ, ਵਾਸਤਵ ਵਿੱਚ ਮੁਕਾਮ-ਏ-ਹੱਕ ਉੱਤੇ ਪਹੁੰਚਣ ਲਈ ਤਾਂਘ ਰਿਹਾ ਹੈ ਜਿਸ ਕਾਰਨ ਉਸਨੂੰ ਸਿਵਾਏ ਰੱਬੀ ਇਸਕ ਦੇ ਹੋਰ ਹਰ ਗੱਲ ਝੂਠੀ ਲੱਗਦੀ ਹੈ। ਬੁੱਲ੍ਹੇ ਸ਼ਾਹ ਦਾ ਇਸ਼ਕ ਹੁਣ ਇਤਨਾ ਪ੍ਰਬਲ ਹੋ ਗਿਆ ਹੈ ਕਿ ਉਸ ਨੂੰ ਮਸੀਤ, ਠਾਕਰਦਵਾਰਾ ਅਤੇ ਧਰਮਸ਼ਾਲਾ ਸੌੜੀਆਂ ਥਾਵਾਂ ਲੱਗਦੀਆਂ ਹਨ, ਬੁੱਲ੍ਹੇ ਸ਼ਾਹ ਦਾ ਕਥਨ ਹੈ:-

"ਬੱਲ੍ਹਿਆ ਧਰਮ ਸਾਲ ਧੜਵਾਈ ਰਹਿੰਦੇ ਠਾਕੁਰ ਦੁਆਰੇ ਠੱਗ।
ਵਿੱਚ ਮਸੀਤਾਂ ਕੋਸੱਤੀਏ ਰਹਿੰਦੇ ਆਸ਼ਕ ਰਹਿਣ ਅਲੱਗ।"6

ਬੁੱਲ੍ਹੇ ਸ਼ਾਹ ਦਾ ਕਾਮਲ ਮੁਰਸ਼ਦ ਜਤਾ ਦਾ ਅਰਾਈਂ ਸੀ ਅਤੇ ਮਾਮੂਲੀ ਮਾਲੀ ਦਾ ਕਾਰ-ਵਿਹਾਰ ਕਰਕੇ ਆਪਣਾ ਰੋਜ਼ਗਾਰ ਕਮਾਉਂਦਾ ਸੀ। ਬੁੱਲ੍ਹੇ ਸ਼ਾਹ ਨੂੰ ਲੋਕ ਤਾਅਨੇ ਮਿਹਣੇ ਮਾਰਦੇ ਸਨ ਕਿ ਬੁੱਲ੍ਹਾ ਉੱਚੀ ਜਾਤ ਦਾ ਹੋ ਕੇ ਇੱਕ ਅਰਾਈ ਨੂੰ ਆਪਣਾ ਮੁਰਸ਼ਦ ਧਾਰ ਬੈਠਾ ਹੈ। ਬੁੱਲ੍ਹਾ ਆਪਦੇ ਕਲਾਮ ਵਿੱਚ ਉਹਨਾਂ ਸਾਰਿਆਂ ਨੂੰ ਉੱਤਰ ਦਿੰਦਾ ਹੋਇਆ ਕਹਿੰਦਾ ਹੈ:-

"ਜਿਹੜਾ ਸਾਨੂੰ ਸੱਯਦ ਸੱਦੇ, ਦੋਜ਼ਖ ਮਿਲਣ ਸਜ਼ਾਈਆਂ।"

ਬੁੱਲ੍ਹੇ ਸ਼ਾਹ ਦੇ ਕਲਾਮ ਵਿੱਚ ਆਪਣੇ ਮੁਰਸ਼ਿਦ ਨਾਲ ਇਸ਼ਕ ਦਾ ਦਿਲ-ਚੀਰਵਾਂ ਬਿਆਨ ਮਿਲਦਾ ਹੈ। ਕਿਤੇ ਮਿਲਾਪ ਦੀ ਮਸਤੀ ਤੇ ਕਿਤੇ ਬਿਰਹੋਂ ਦੀ ਤੜਪ ਹੈ। ਬੁੱਲ੍ਹਾ ਬੜਾ ਸੁਚੇਤ ਤੇ ਸਾਵਧਾਨ ਹੈ ਕਿ ਇਸ਼ਕ ਮਜਾਜ਼ੀ ਤੋਂ ਬਿਨਾਂ ਇਸ਼ਕ ਹਕੀਕੀ ਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਬੁੱਲ੍ਹੇ ਦਾ ਕਥਨ ਹੈ:-

"ਜਿਚਰ ਨਾ ਇਸਕ ਮਜਾਜ਼ੀ ਲਾਗੇ, ਸੂਈ ਸੀਵੇ ਨਾ ਬਿਨ ਧਾਗੇ।
ਇਸ਼ਕ ਮਜਾਜ਼ੀ ਦਾਤਾ ਹੈ, ਜਿਸ ਪਿੱਛੇ ਮਸਤ ਹੋ ਜਾਤਾ ਹੈ।"21

ਬੁੱਲ੍ਹਾ ਇਸ਼ਕ ਦੀ ਮਹੱਤਤਾ ਨੂੰ ਪ੍ਰਗਟ ਕਰਦਾ ਹੋਇਆ ਕਹਿੰਦਾ ਹੈ ਕ ਜਿੰਨ੍ਹਾਂ ਦੇ ਹੱਡਾਂ ਵਿੱਚ ਇਸ਼ਕ ਰਚ ਜਾਂਦਾ ਹੈ ਉਹ ਜੀਉਂਦਿਆਂ ਹੀ ਮਰਨਾ ਸਿੱਖ ਲੈਂਦੇ ਹਨ। ਕਿਉਂਕਿ ਇਸ਼ਕ ਹਕੀਕੀ ਤੋਂ ਬਿਨਾਂ ਇਸ਼ਕ ਮਜਾਜ਼ੀ ਅਧੂਰਾ ਰਹਿੰਦਾ ਹੈ, ਜਿਹੜੇ ਲੋਕ ਇਸ਼ਕ ਹਕੀਕੀ ਕਰਦੇ ਹਨ, ਉਹਨਾਂ ਦੀ ਕੁਰਬਾਨੀ ਵੀ ਢੇਰ ਹੁੰਦੀ ਹੈ ਜਿਵੇਂ:-

"ਇਸ਼ਕ ਜਿਨ੍ਹਾਂ ਦੇ ਹੱਡੀਂ ਪੈਂਦਾ।
ਸੋਈ ਜੀਵਿਤ ਮਰ ਜਾਂਦਾ।"

ਮੁਰਸ਼ਦ ਪ੍ਰਤੀ ਉਸ ਦਾ ਇਸ਼ਕ ਦੂਸਰੇ ਪੜ੍ਹਾਅ ਵਿੱਚ ਹਰ ਪ੍ਰਕਾਰ ਦੇ ਸਰ੍ਹਾ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਬੁੱਲ੍ਹੇ ਸ਼ਾਹ ਕਾਵਿ ਵਿਕਾਸ ਦੇ ਦੂਸਰੇ ਦੌਰ ਦੇ ਅੰਤ 'ਤੇ ਇਉਂ ਜਾਪਦਾ ਹੈ ਕਿ ਉਸ ਨੂੰ ਪ੍ਰਭੂ ਦੇ ਦਰਸ਼ਨ ਹੋ ਗਏ ਹਨ।

ਬੁੱਲ੍ਹੇ ਸ਼ਾਹ ਇੱਥੇ ਬੜ੍ਹੇ ਸਪੱਸ਼ਟ ਰੂਪ ਵਿੱਚ ਬਿਆਨ ਕਰਦਾ ਹੈ ਕਿ ਮੇਰਾ ਮਾਹੀ ਭਾਵ 'ਰਾਂਝਣ ਯਾਰ ਕੱਪਟੀ ਲੋਕਾਂ ਦੇ ਦੁਨਿਆਵੀ ਮਾਹੀ ਵਾਂਗ ਨਹੀਂ ਸਗੋਂ ਤੇਰਾ 'ਮਾਹੀ' ਭਾਵ ਮੁਰਸ਼ਿਦ ਕੋਈ 'ਇਲਾਹੀ ਨੂਰ' ਦੀ ਪ੍ਰਤੱਖ ਮੂਰਤ ਹੈ ਜਿਸ ਨੇ 'ਹੀਰ ਸਿਆਲ' ਨੂੰ ਡਾਂਚੇ ਜਾਦੂ ਨਾਲ ਲੁੱਟ ਲਿਆ ਹੈ।

ਇਸ਼ਕ ਮਜਾਜ਼ੀ ਦੀ ਇਬਤਦਾ (ਪ੍ਰੇਮ ਦਾ ਆਰੰਭ) ਤਾਂ ਭਾਵੇਂ ਬੜੀ ਦਿਲਚਸਪ ਤੇ ਦਿਲਕਸ਼ ਹੁੰਦੀ ਹੈ ਪਰ ਇਸ ਦੇ ਵਿਯੋਗ ਦੀਆਂ ਘੜੀਆਂ ਅਕਹਿ ਤੇ ਅਸਹਿ ਹੁੰਦੀਆਂ ਹਨ। ਬੁੱਲ੍ਹੇ ਸ਼ਾਹ ਦੇ ਕਲਾਮ ਵਿੱਚ ਇਸ਼ਕ ਦਾ ਸ਼ੌਂਕ ਤੇ ਜੁਦਾਈ ਦੇ ਦੋਵੇਂ ਸੈਲ ਹੀ ਵਿਦਵਾਨ ਹਨ, ਉਦਾਹਰਣ ਵਜੋਂ:-

"ਆਉ ਸਈਓ ਰਲ ਦਿਓ ਨੀ ਵਧਾਈ।
ਮੈਂ ਬਰ ਪਾਇਆ ਰਾਂਝਾ ਮਾਹੀ।
ਅੱਜ ਤਾਂ ਰੋਜ਼ ਮੁਬਾਰਕ ਚੜ੍ਹਿਆ।
ਰਾਂਝਾ ਸਾਡੇ ਵੇਹੜੇ ਵੜਿਆ।
ਹੱਥ ਖੂੰਡੀ ਮੋਢੇ ਕੰਬਲ ਧਰਿਆ।
ਚਾਕਾਂ ਵਾਲੀ ਸ਼ਕਲ ਬਣਾਈ।
ਆਓ ਸਈਓ ਰਲ ਦਿਓ ਨੀ ਵਧਾਈ।"25

ਪਰ ਜਦੋਂ ਇਸ਼ਕ ਦੀਆਂ ਕਾਂਗਾਂ ਚੜ੍ਹ ਆਈਆਂ, ਜੁਦਾਈ ਦੀਆਂ ਸਾਂਗਾਂ ਸੀਨੇ ਵਿੱਚ ਰੜਕਣ ਲੱਗੀਆਂ ਤਾਂ ਬੁੱਲ੍ਹਾ ਕੂਕ ਉੱਠਿਆ:-

"ਕੀ ਬੇਦਰਦਾਂ ਸੰਗ ਯਾਰੀ, ਰੋਵਣ ਅਖੀਆਂ ਜ਼ਾਰੋ ਜ਼ਾਰੀ।
ਸਾਨੂੰ ਗਏ ਬੇਦਰਦੀ ਛੱਡ ਕੇ, ਹਿਜਰੇ ਸਾਂਗ ਸੀਨੇ ਵਿੱਚ ਗਡਕੇ।"

ਇਸੇ ਤਰ੍ਹਾਂ ਹੀ ਬੁੱਲ੍ਹੇ ਸ਼ਾਹ ਦੀਆਂ ਰਾਫੀਆਂ ਜਾਂ ਰਚਨਾਵਾਂ ਲੋਕ ਮਨਾਂ ਨੂੰ ਹਲੂਨਣ ਦੀ ਸ਼ਕਤੀ ਰੱਖਦੀਆਂ ਹਨ। ਉਸ ਦੀ ਖ਼ੁਦ ਅਨੁਭਵ ਕੀਤੀ ਹੋਈ ਇਸ਼ਕ ਦੇ ਜਜ਼ਬੇ ਦੀ ਤੀਸ਼ਰਮਈ ਭਾਵਨਾ ਅਤੇ ਉਤੇਜਨਾ ਬੜੇ ਸੁਚੱਜੇ ਰੂਪ ਵਿੱਚ ਪੇਸ਼ ਹੋਈ ਹੈ।

ਪ੍ਰੋ: ਪੂਰਨ ਸਿੰਘ ਲਿਖਦਾ ਹੈ:-

ਜਦਾ ਬੁੱਲ੍ਹਾ ਆਪਣਾ ਅਲਾਪ ਸ਼ੁਰੂ ਕਰਦਾ ਹੈ ਤਾਂ ਨਗਾਰੇ ਵੱਜ ਉੱਠਦੇ ਹਨ, ਝਾਜਰਾਂ ਛਦਕ ਪੈਂਦੀਆਂ ਹਨ, ਛੈਣੇ ਛਮ-ਛਮ ਵੱਜਣ ਲੱਗਦੇ ਹਨ, ਬਾਂਗ ਦੇਣ ਵਾਲਾ ਮੁੱਲਾਂ ਬਾਂਗ ਭੁੱਲ ਕੇ ਬੁੱਲ੍ਹੇ ਦੀ ਹੇਕ ਨਾਲ ਹੇਕ ਮਿਲਾਉਣ ਲੱਗ ਪੈਂਦਾ ਹੈ ਅਤੇ ਨਰਤਕੀ ਉਸ ਦੀ ਤਾਲ ਪੁਰ ਨੱਚ-ਨੱਚ ਬੇਸੁਧ ਹੋ ਕੇ ਆਪਣੇ ਆਪ ਵਿੱਚ ਗੁਆਚ ਜਾਂਦੀ ਹੈ। ਬੁੱਲ੍ਹੇ ਦੀ ਕਾਵਿ ਹੜ੍ਹ ਵਿੱਚ ਸਾਰੇ ਵਹਿ ਟੁਰਦੇ ਹਨ। ਸਾਰੇ ਹੀ ਉਸ ਵਿੱਚ ਲੀਨ ਹੋ ਜਾਂਦੇ ਹਨ, ਇਕਮਿਕ ਹੋ ਜਾਂਦੇ ਹਨ, ਬੁੱਲ੍ਹਾ ਕਵਿਤਾ, ਮੁਰੀਦੀ ਤੇ ਤਿਆਗ ਦੀ ਤ੍ਰਿਮੂਰਤੀ ਹੈ।"

ਬੁੱਲ੍ਹੇ ਸ਼ਾਹ ਦੇ ਕਲਾਮ ਵਿੱਚ ਰੱਬੀ ਰਹੱਸ ਦੀ ਥਾਹ ਪਾਉਣ ਲਈ ਕੇਵਲ ਸੂਫ਼ੀ ਮਤ ਦੀ ਸਿਧਾਂਤਿਕ ਜਾਣਕਾਰੀ ਹੀ ਨਹੀਂ ਮਿਲਦੀ, ਸਗੋਂ ਜੀਵਨ ਦੇ ਹੰਢੇ ਵਰਤੇ ਅਨੁਭਵ ਨੂੰ ਰਹੱਸ ਦੇ ਰੂਪ ਵਿੱਚ ਖੇਡ ਕੇ ਵੀ ਦਰਸਾਇਆ ਗਿਆ ਹੈ।

ਮਨੁੱਖ ਜਦੋਂ ਰੱਬੀ ਨਿਕਾਸ ਦੇ ਸਿਲਸਿਲੇ ਵਿੱਚ ਟੁੱਟ ਕੇ ਆਪਣੀ ਵੱਖਰੀ ਹੋਂਦ ਪ੍ਰਾਪਤ ਕਰਦਾ ਹੈ ਤਾਂ ਉਸਦਾ ਜੀਵਨ ਦੁੱਖਮਈ ਅਵੱਸਥਾ ਦੀ ਘੁੰਮਣਘੇਰੀ ਵਿੱਚ ਫਸ ਜਾਂਦਾ ਹੈ। ਉਹ ਉਸ ਵੇਲੇ ਤੋਂ ਮੁੜ ਰੱਬੀ ਨਿਕਾਸ ਯਤਨਸ਼ੀਲ ਹੁੰਦਾ ਹੈ। ਰੱਬ ਨਾਲ ਲੱਗੇ ਇਸ਼ਕ ਦੇ ਮੁੱਢ ਬਾਰੇ ਬੁੱਲ੍ਹੇ ਸ਼ਾਹ ਲਿਖਦਾ ਹੈ:-

"ਨੀ ਮੈਨੂੰ ਲਗੜਾ ਇਸ਼ਕ ਅਵਲ ਦਾ,
ਅਵੱਲ ਦਾ ਰੋਜ਼ ਅਜੱਲ ਦਾ।"5

ਬੁੱਲ੍ਹੇ ਸ਼ਾਹ ਦੇ ਕਾਵਿ-ਅਨੁਭਵ ਸਬੰਧੀ ਡਾ: ਹਰਿਭਜਨ ਸਿੰਘ ਦਾ ਮਤ ਹੈ:-

ਬੁੱਲ੍ਹੇ ਸ਼ਾਹ ਦੇ ਕਾਵਿ ਦਾ ਇਸ਼ਕ ਸਰੂਪ ਕੇਵਲ ਉਸ ਦੀ ਸਿਧਾਂਤਿਕ ਸੂਝ ਹੀ ਨਹੀਂ, ਬਲਕਿ ਉਹ ਇਸ ਨੂੰ ਆਪਣੀ ਜੀਵਨ ਸਥਿਤੀ ਜਾਂ ਵਿਲੱਖਣ ਅਨੁਭਵ ਦੀ ਨੀਂਹ ਉੱਪਰ ਉਸਾਰਦਾ ਹੈ।

ਬੁੱਲ੍ਹੇ ਸ਼ਾਹ ਨੇ ਇਸ਼ਕ ਦੇ ਸਰੂਪ ਦੀ ਚਰਚਾ ਦੇ ਆਰੰਭ ਵਿੱਚ ਜਿਸ ਵਹਦਤ-ਅਲ-ਵਜੂਦ (ਅਦਵੈਤਵਾਦ) ਦੀ ਚਰਚਾ ਕੀਤੀ ਹੈ, ਉਸਦਾ ਪ੍ਰਗਟਾਅ ਤੀਜੇ ਪੜਾਅ ਵਿੱਚ ਪ੍ਰਤੱਖ ਤੌਰ 'ਤੇ ਹੋਇਆ ਹੈ। ਭਾਵ ਕਿ ਉਸ ਨੂੰ ਮਨੁੱਖ ਅਤੇ ਪ੍ਰਕਿਰਤੀ ਦੀ ਹਰ ਸਿਰਜਣਾ ਵਿੱਚੋਂ ਉਸ ਦਾ ਹੀ ਰੂਪ ਦਿਖਾਈ ਦੇਣ ਲੱਗ ਪਿਆ। ਉਸ ਲਈ ਕੋਈ ਵੀ ਵਿਤਕਰੇ ਦੇ ਬਾਧਕ ਨਾ ਰਹੇ।

ਬੁੱਲ੍ਹੇ ਸ਼ਾਹ ਨੇ ਇਸ਼ਕ ਹਕੀਕੀ ਦੀ ਪ੍ਰਸਤੁਤੀ ਲਈ ਦੁਨਿਆਵੀ ਜੀਵਨ ਵਿੱਚ ਸਾਡੀ ਲੋਕਧਾਰਾ ਦੀ ਸੁਪ੍ਰਸਿੱਧ ਜੋੜੀ 'ਹੀਰ-ਰਾਂਝਾ' ਨੂੰ ਆਧਾਰ ਬਣਾਇਆ ਹੈ। ਇਸ਼ਕ ਹਕੀਕੀ ਦੇ ਪ੍ਰਗਟਾਵੇ ਲਈ 'ਹੀਰ-ਰਾਂਝੇ' ਦੇ ਕਾਵਿ ਪ੍ਰਤੀਕ ਉਸ ਦੇ ਕਲਾਮ ਨੂੰ ਲੋਕ ਮਨਾਂ ਦੇ ਸਮਝਣ ਲਈ ਵਸਤੂ ਬਣਾ ਦੇਂਦੇ ਹਨ। ਸਾਡੀ ਲੋਕ ਚੇਤਨਾ ਵਿੱਚ ਇਹ ਪਿਆਰ ਦੇ ਆਦਰਸ਼ ਚਰਿੱਤਰ ਪ੍ਰਵਾਨ ਕੀਤੇ ਗਏ ਹਨ। ਇਹਨਾਂ ਨੂੰ ਦੁਨਿਆਵੀ ਪਿਆਰ ਦੀ ਸਾਧਾਰਣਤਾ ਤੋਂ ਉੱਪਰ ਅਧਿਆਤਮਿਕ ਪਿਆਰ ਦੇ ਦਾਇਰੇ ਦੀ ਵਸਤੂ ਸਮਝਿਆ ਜਾਂਦਾ ਹੈ।

ਡਾ: ਗੁਰਚਰਨ ਸਿੰਘ ਇਸ ਸਬੰਧੀ ਕਹਿੰਦੇ ਹਨ:-

"ਇਸ਼ਕ ਮਜਾਜ਼ੀ ਨੂੰ ਇਸ਼ਕ ਹਕੀਕੀ ਦਾ ਮੁੱਢਲਾ ਰੂਪ ਅਥਵਾ ਉਸ ਦੀ ਪਹਿਲੀ ਮੰਜ਼ਿਲ ਮੰਨਦਿਆਂ, ਇਸ਼ਕ ਮਜਾਜ਼ੀ ਨੂੰ ਇਸ਼ਕ ਹਕੀਕੀ ਤੋਂ ਥੋੜ੍ਹਾ ਹੇਠਲੀ ਪੱਧਰ ਦਾ ਇਸਕ ਮੰਨ ਲਿਆ ਜਾਂਦਾ ਹੈ। ਇਹ ਠੀਕ ਨਹੀਂ, ਸੂਫ਼ੀ ਦਰਸ਼ਨ ਦੀ ਇੱਕ ਮੂਲ ਧਾਰਨਾ ਜਿਹੜੀ ਇਸ ਨੂੰ ਸਾਧਾਰਨ ਮੁਸਲਮਾਨੀ ਦਰਸ਼ਨ ਤੋਂ ਨਿਖੇੜਦੀ ਹੈ ਉਹ 'ਹਮਾ ਓ ਅਸਤ' ਦੀ ਹੈ, ਜਿੱਥੇ ਸਾਧਾਰਨ ਮੁਸਲਮਾਨੀ ਦਰਸ਼ਨ ਵਿੱਚ ਦ੍ਰਿਸ਼ਟ ਅਥਵਾ ਅਦ੍ਰਿਸ਼ਟ ਪ੍ਰਕਿਰਤੀ ਨੂੰ ਰੱਬ ਤੋਂ ਉਪਜਿਤ ਮੰਨਦਾ ਹੈ, ਸੂਫ਼ੀ ਦਰਸ਼ਨ ਇਸ ਨੂੰ ਰੱਬ ਦਾ ਹੀ ਸਰੂਪ ਸਮਝਦੀ ਹੈ।

ਇਸ਼ਕ ਦੇ ਅੰਤਿਮ ਪੜ੍ਹਾਅ ਤੇ ਪਹੁੰਚ ਕੇ ਮਸ਼ੂਕ ਤੇ ਆਸ਼ਕ ਇੱਕ-ਰੂਪ ਹੋ ਜਾਂਦੇ ਹਨ। ਸੱਚ ਆਸ਼ਕ ਆਪਣੀ ਮਸ਼ੂਕ ਦੇ ਤਸੱਵਰ ਉੱਚ ਇਸ ਤਰ੍ਹਾਂ ਖੋ ਜਾਂਦਾ ਹਨ ਕਿ ਉਹ ਆਪਣੀ ਵੱਖਰੀ ਹਸਤੀ ਹੀ ਗਵਾ ਬੈਠਦਾ ਹੈ। ਇੱਕੇ ਹੀ ਬਸ ਨਹੀਂ ਸਗੋਂ ਅਜਿਹੇ ਆਸ਼ਕ ਨੂੰ ਆਪਦੇ ਅੰਦਰ ਤੇ ਬਾਹਰ ਹਰ ਪਾਸੇ ਆਪਣਾ ਮਸ਼ੂਕ ਹੀ ਨਜ਼ਰ ਆਉਣ ਲੱਗ ਪੈਂਦਾ ਹੈ ਅਤੇ ਦ੍ਵੈਤ-ਭਾਵ ਅਥਵਾ ਦੂਈ ਦੂਰ ਹੋ ਜਾਂਦੀ ਹੈ। ਬੁੱਲ੍ਹੇ ਦੇ ਇਸ ਪੜ੍ਹਾਅ ਦੇ ਇਸ਼ਕ ਨੂੰ ਉਸ ਦੇ ਕਲਾਮ ਵਿੱਚੋਂ ਭਲੀ-ਭਾਂਤੀ ਵੇਖਿਆ ਜਾ ਸਕਦਾ ਹੈ। ਇਸੇ ਪ੍ਰਕਾਰ 'ਹੀਰ-ਰਾਂਝਾ' ਦੇ ਪ੍ਰਸੰਗ ਰਾਹੀਂ ਆਸ਼ਕ ਤੇ ਮਸ਼ੂਕ ਅਭੇਦ ਹੋ ਜਾਂਦੇ ਹਨ, ਉਦਾਹਰਣ ਇਸ ਪ੍ਰਕਾਰ ਹੈ:-

"ਰਾਂਝ-ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ।
ਰਾਂਝਾ ਮੈਂ ਵਿੱਚ ਮੈਂ ਰਾਂਝੇ ਵਿੱਚ ਹੋਰ ਖਿਆਲ ਨਾ ਕੋਈ।
ਮੈਂ ਨਹੀਂ ਉਹ ਆਪ ਹੈ, ਆਪਣੀ ਆਪ ਕਰੇ ਦਿਲਜੋਈ।"

ਇਸੇ ਪ੍ਰਕਾਰ ਅੰਤ ਵਿੱਚ ਬੁੱਲ੍ਹੇ ਸ਼ਾਹ ਆਪਣੀ ਰੂਹ ਨੂੰ ਆਸ਼ਕ ਮੰਨ ਕੇ ਰੱਬ ਰੂਪੀ ਮਾਸ਼ੂਕ ਨਾਲ ਇਸ਼ਕ ਕਰਦਾ ਹੈ। ਉਸਦੀ ਨਜ਼ਰ ਵਿੱਚ ਰਸੂਲ ਤੇ ਮੁਰਸ਼ਦ ਵੀ ਉਸ ਰੱਬ ਦੇ ਹੀ ਸਾਮਾਰ ਰੂਪ ਹਨ। ਇਸੇ ਤਰ੍ਹਾਂ 'ਹੀਰ-ਰਾਂਝੇ' ਦੇ ਪ੍ਰਸੰਗ ਰਾਹੀਂ ਬੁੱਲ੍ਹੇ ਸ਼ਾਹ ਨੇ ਆਪਦੇ ਕਲਾਮ ਵਿੱਚ ਜੀਣ ਅਤੇ ਪਰਮਾਤਮਾ ਦੇ ਰਿਸ਼ਤੇ ਰਾਹੀਂ ਮੰਜ਼ਿਲ ਦੀ ਪ੍ਰਾਪਤੀ ਦੀ ਗੱਲ ਕੀਤੀ ਹੈ ਅਤੇ ਅੰਤ ਪੜ੍ਹਾਅ ਤੇ ਪਹੁੰਚ ਕੇ ਇਸ਼ਕ ਹਕੀਕੀ ਦੇ

ਅਨੁਭਵ ਨੂੰ ਇਸੇ ਰਿਸ਼ਤੇ ਰਾਹੀਂ ਮੂਰਤੀਮਾਨ ਕੀਤਾ ਹੈ।

ਬੁੱਲ੍ਹੇ ਸ਼ਾਹ ਦੇ ਕਲਾਮ ਇਸ਼ਕ ਦਾ ਜੋ ਸਰੂਪ/ਸੰਕਲਪ ਦ੍ਰਿਸ਼ਟੀਗੋਚਰ ਹੋਇਆ ਹੈ। ਉਸ ਵਿੱਚੋਂ ਇਸ਼ਕ ਹਕੀਕੀ ਦੀ ਝਲਕ ਨਜ਼ਰ ਆਉਂਦੀ ਹੈ। ਕਿਉਂਕਿ ਇਸ਼ਕ ਹਕੀਕੀ ਦੀ ਪ੍ਰਾਪਤੀ ਲਈ ਇਸ਼ਕ ਮਜਾਜ਼ੀ ਵੀ ਮਹੱਤਤਾ ਰੱਖਦਾ ਹੈ। ਉਸ ਦੇ ਕਲਾਮ ਵਿੱਚ ਇਸ਼ਕ ਮਜਾਜ਼ੀ ਨੂੰ ਇਸ ਹਕੀਤੀ ਦੀ ਪਹਿਲੀ ਪਉੜੀ ਇਸ ਕਰਕੇ ਹੀ ਮੰਨਿਆ ਗਿਆ ਹੈ।

ਉਪਰੋਕਤ ਤੱਥਾਂ ਦੇ ਆਧਾਰ ਤੇ ਅੰਤ ਵਿੱਚ ਅਸੀਂ ਇਸ ਸਿੱਟ ਤੇ ਪਹੁੰਦੇ ਹਾਂ ਕਿ ਸੂਫ਼ੀ ਕਵੀ ਬੁੱਲ੍ਹੇ ਸ਼ਾਹ ਦੀ ਰਚਨਾ ਵਿਲੱਖ ਗੁਣਾਂ ਦੀ ਧਾਰਨੀ ਹੈ। ਉਸ ਦੀਆਂ ਰਚਨਾਵਾਂ ਵਿੱਚ ਇਸ਼ਕ ਦਾ ਜੋ ਸੰਕਲਪ ਉੱਭਰਿਆ, ਉਹ ਗੁਣਾਂ ਪੱਖੋਂ ਅਤਿ ਉੱਤਮ ਹੈ। ਬੁੱਲ੍ਹੇ ਸ਼ਾਹ ਨੇ ਇਸ਼ਕ ਹਕੀਕੀ ਦੀ ਪ੍ਰਾਪਤੀ ਲਈ ਇਸ਼ਕ ਮਜਾਜ਼ੀ ਨੂੰ ਇੱਕ ਪਉੜੀ ਵਜੋਂ ਪ੍ਰਵਾਨ ਕੀਤਾ ਹੈ। ਉਹ ਇਸ਼ਕ ਨੂੰ ਸ਼ਰੀਅਤ ਤੋਂ ਜ਼ਿਆਦਾ ਮਹੱਤਤਾ ਦਿੰਦਾ ਹੈ। ਉਸਨੇ ਇਸ਼ਕ ਨੂੰ ਇਲਮ ਅਤੇ ਅਕਲ ਤੋਂ ਵਧੇਰੇ ਉੱਤਮ ਮੰਨਿਆ ਹੈ। ਉਸਦਾ ਇਸ਼ਕ ਨਿਰੋਲ ਅਧਿਆਤਮਵਾਦੀ ਪ੍ਰਕਿਰਤੀ ਦਾ ਧਾਰਨੀ ਹੈ, ਇਸ ਇਸ਼ਕ ਨੂੰ ਸੂਫ਼ੀ ਰਹੱਸਵਾਦ ਦੇ ਅੰਤਰਗਤ ਹੀ ਸਮਝਿਆ ਜਾ ਸਕਦਾ ਹੈ। ਅਜਿਹੇ ਇਸ਼ਕ ਨੂੰ ਅਪਣਾ ਕੇ ਆਸ਼ਕ ਆਪਣੀ ਖ਼ੁਦੀ ਨੂੰ ਮਿਟਾ ਕੇ ਅਪਣੀ ਮਸ਼ੂਕ ਦੇ ਤਸੱਵਰ ਵਿੱਚ ਹੀ ਖੋ ਜਾਂਦਾ ਹੈ, ਭਾਵ ਕਿ ਜੀਵ-ਆਤਮਾ ਪ੍ਰਮਾਤਮਾ ਨੂੰ ਪ੍ਰਾਪਤ ਕਰ ਲੈਂਦੀ ਹੈ। ਅੰਤ ਵਿੱਚ ਅਸੀਂ ਇਹੀ ਕਹਿ ਸਕਦੇ ਹਾਂ ਕਿ ਬੁੱਲ੍ਹੇ ਸ਼ਾਹ ਦੇ ਕਲਾਮ ਵਿੱਚ ਇਸ਼ਕ ਦਾ ਜੋ ਸੰਕਲਪ/ਸਰੂਪ ਉਘੜਿਆ ਹੈ, ਉਹ ਸ੍ਰੇਸ਼ਟ ਗੁਣਾਂ ਦਾ ਧਾਰਨੀ ਹੈ।

## ਪੁਸਤਕ ਸੂਚੀ


| ਲੜੀ ਨੰ: | ਲੇਖਕ ਦਾ ਨਾਂ | ਕਿਤਾਬ ਦਾ ਨਾਂ | ਪਬਲੀਕੇਸ਼ਨ | ਪੇਜ਼ ਨੰ: |
|---|---|---|---|---|
| 1. | ਡਾ: ਸੀਤਲ ਜੀਤ ਸਿੰਘ | ਬੁੱਲ੍ਹੇ ਸ਼ਾਹ ਜੀਵਨ 'ਤੇ ਰਚਨਾ | ਪਬਲੀਕੇਸ਼ਨ ਬਿਊਰ', ਪੰਜਾਬੀ ਯੂਨੀਵਰਸਿਟੀ, ਪਟਿਆਲਾ | 16,19 |
| 2. | ਪ੍ਰੋ: ਜੱਗੀ ਰਤਨ ਸਿੰਘ | ਖੋਜ਼ ਪੱਤ੍ਰਿਕਾ ਅੰਕ: 33 ਸੂਫ਼ੀ ਕਾਵਿ ਅੰਕ | ਪਬਲੀਕੇਸ਼ਨ ਬਿਊਰ', ਪੰਜਾਬੀ ਯੂਨੀਵਰਸਿਟੀ, ਪਟਿਆਲਾ | 187 |
| 3. | ਸੰਪਾਦਕ – ਪ੍ਰੋ: ਘੁੰਮਣ ਬਿਕਰਮ ਸਿੰਘ | ਕਾਫ਼ੀਆ ਬੁੱਲ੍ਹੇ ਸ਼ਾਹ | ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ | 5,6,13 |
| 4. | ਸੰਪਾਦਕ – ਪ੍ਰੋ: ਘੁੰਮਣ ਬਿਕਰਮ ਸਿੰਘ | ਸੂਫ਼ੀਅਤ ਅਤੇ ਪੰਜਾਬੀ ਸੂਫ਼ੀ ਕਾਵਿ | ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ | 185–192 |
| 5. | ਸੰਪਾਦਕ – ਡਾ: ਅੰਮ੍ਰਿਤਪਾਲ ਕੌਰ | ਖੋਜ਼ ਪੱਤ੍ਰਿਕਾ ਅੰਕ 61 | ਪਬਲੀਕੇਸ਼ਨ ਬਿਊਰ', ਪੰਜਾਬੀ ਯੂਨੀਵਰਸਿਟੀ, ਪਟਿਆਲਾ | 297–304 |